## B.C.M.SCHOOL, BASANT AVENUE, DURGI, LUDHIANA

**CLASS-V PUNJABI ASSIGNMENT**

## ਅਣਡਿੱਠਾ ਪੈਰਾ:-

**ਪਾਣੀ ਜੀਵਨ ਲਈ ਬਹੁਤ ਜ਼ਰੂਰੀ ਹੈ। ਬਿਨਾਂ ਪਾਣੀ ਦੇ ਕੋਈ ਵੀ ਜੀਵ ਜਿੰਦਾ ਨਹੀਂ ਰਹਿ ਸਕਦਾ। ਅਸੀਂ ਪਾਣੀ ਨੂੰ ਪੀਣ ਲਈ, ਖਾਣਾ ਬਣਾਉਣ ਲਈ, ਨ੍ਹਾਉਣ ਅਤੇ ਕੱਪੜੇ ਧੋਣ ਲਈ ਵਰਤਦੇ ਹਾਂ। ਪੌਦੇ ਵੀ ਪਾਣੀ ਨਾਲ ਹੀ ਜੀਊਂਦੇ ਹਨ। ਅਸੀਂ ਪਾਣੀ ਨੂੰ ਫ਼ਜ਼ੂਲ ਨਹੀਂ ਬਰਤਣਾ ਚਾਹੀਦਾ। ਜਿੱਥੇ ਜਿੱਥੇ ਲੋੜ ਹੋਵੇ, ਉਥੇ ਹੀ ਪਾਣੀ ਵਰਤਣਾ ਚਾਹੀਦਾ ਹੈ। ਸਾਫ਼ ਪਾਣੀ ਸਾਡੀ ਸਿਹਤ ਲਈ ਵੀ ਲਾਭਦਾਇਕ ਹੁੰਦਾ ਹੈ। ਆਓ, ਅਸੀਂ ਸਾਰੇ ਪਾਣੀ ਦੀ ਕਦਰ ਕਰੀਏ ਅਤੇ ਇਸ ਦੀ ਬਚਤ ਕਰੀਏ।**

---

**ਇਸ ਪੈਰੇ ਉੱਤੇ ਆਧਾਰਤ ਮੁੱਖ ਪ੍ਰਸ਼ਨ:**

1. **ਪਾਣੀ ਕਿਉਂ ਜ਼ਰੂਰੀ ਹੈ?**

ੳ) ਖਾਣ ਲਈ ਅ)ਸੌਣ ਲਈ ੲ)ਜਿਉਣ ਲਈ

2. **ਅਸੀਂ ਪਾਣੀ ਨੂੰ ਕਿਹੜੀ-ਕਿਹੜੀ ਚੀਜ਼ਾਂ ਲਈ ਵਰਤਦੇ ਹਾਂ?**

   ੳ) ਜਾਗਣ ਤੇ ਸੌਣ ਲਈ ਅ) ਰੋਵਣ ਤੇ ਹੱਸਣ ਲਈ ੲ)ਨਹਾਉਣ ਤੇ ਕੱਪੜੇ ਧੋਣ ਲਈ

3. **ਸਾਫ਼ ਪਾਣੀ ਸਾਡੇ ਲਈ ਕਿਵੇਂ ਲਾਭਦਾਇਕ ਹੈ?**

   ੳ) ਸਾਹ ਲੈਣ ਲਈ ਅ) ਸਿਹਤ ਲਈ ੲ) ਜੀਵਨ ਲਈ

4. **ਅਸੀਂ ਪਾਣੀ ਦੀ ਬਚਤ ਕਿਵੇਂ ਕਰ ਸਕਦੇ ਹਾਂ?**

   ੳ) ਬੇਵਜਾ ਪਾਣੀ ਵਹਾਉਣਾ ਅ) ਪਾਣੀ ਦੀ ਕਦਰ ਕਰੀਏ ੲ) ਨਹਾਉਣ ਸਮੇਂ ਪਾਣੀ ਖੁੱਲਾ ਛੱਡ ਦਈਏ

5. **ਤੁਸੀਂ ਆਪਣੇ ਘਰ ਵਿੱਚ ਪਾਣੀ ਨੂੰ ਕਿਵੇਂ ਬਚਾਉਂਦੇ ਹੋ?**

ੳ)ਨਲਕਾ ਖੁੱਲਾ ਛੱਡ ਦੇਣਾ ਅ) ਜਰੂਰਤ ਮੁਤਾਬਕ ਪਾਣੀ ਵਰਤਣਾ ੲ)ਕਾਰ ਧੋਣ ਲਈ ਪਾਣੀ ਵਰਤਣਾ

ਪ੍ਰ:-ਕਿਹੜਾ ਵਾਕ ਵਰਤਮਾਨ ਕਾਲ ਨਾਲ ਸੰਬੰਧਿਤ ਹੈ?

ੳ)ਉਹ ਫਰੈਂਚ ਸਿੱਖ ਰਹੀ ਹੈ।

ਅ)ਉਸਨੇ ਪਿਛਲੇ ਸਾਲ ਫਰੈਂਚ ਸਿੱਖੀ।

ੲ)ਉਹ ਅਗਲੇ ਮਹੀਨੇ ਫਰੈਂਚ ਸਿਖੇਗੀ।

ਪ੍ਰ:-ਕਥਨ:- ਵਰਤਮਾਨ ਕਾਲ ਹਮੇਸ਼ਾ ਭਵਿੱਖ ਦੀ ਯੋਜਨਾ ਦੱਸਣ ਲਈ ਵਰਤਿਆ ਜਾਂਦਾ ਹੈ।

ਕਾਰਨ:-ਕਿਉਂਕਿ ਵਰਤਮਾਨ ਕਾਲ ਸਿਰਫ ਚੱਲ ਰਹੇ ਸਮੇਂ ਬਾਰੇ ਦੱਸਦਾ ਹੈ।

ੳ)ਕਥਨ ਅਤੇ ਕਾਰਨ ਦੋਵੇਂ ਸਹੀ ਹਨ।

ਅ)ਕਾਰਨ, ਕਥਨ ਦੀ ਸਹੀ ਵਿਆਖਿਆ ਕਰ ਰਿਹਾ ਹੈ।

ੲ)ਕਾਰਨ ਕਥਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ।

ਪ੍ਰ:-(ਗੁਰਪ੍ਰੀਤ ਤੇਜ ਦੌੜਦਾ ਹੈ।) ਕਿਹੜਾ ਸ਼ਬਦ ਕਿਰਿਆ ਹੈ?

ੳ)ਗੁਰਪ੍ਰੀਤ ਅ)ਤੇਜ ੲ) ਦੌੜਦਾ

ਪ੍ਰ:-'ਮੰਮੀ ਪਾਠ ਕਰ ਰਹੀ ਹੈ।' ਕਿਹੜੀ ਕਿਰਿਆ ਦਾ ਵਾਕ ਹੈ?

ੳ)ਅਕਰਮਕ ਅ) ਸਕਰਮਕ ੲ)ਕਿਰਿਆ

ਛੋਟੇ ਪ੍ਰਸ਼ਨ ਉੱਤਰ:-

ਪ੍ਰ:-ਆਦਮੀ ਕਿੱਥੇ ਜਾ ਰਿਹਾ ਸੀ?

ਪ੍ਰ:-ਹਰਡਮੈਨ ਕੌਣ ਸੀ?

ਸ਼ਬਦ ਅਰਥ:-ਮਿੱਤਰ, ਸਹਿਮਤੀ

ਖਾਲੀ ਥਾਂ ਭਰੋ:-

ਖੂਹ_______ ਰਿਹਾ ਸੀ।

ਲਕੀਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:-

ਮੇਰਾ ਪਿੰਡ ਬਹੁਤ ਸਾਫ ਸੁਥਰਾ ਹੈ।

ਅਸੀਂ ਨਿਸ਼ਚਿਤ ਸਮੇਂ ਤੇ ਘਰ ਪੁੱਜੇ।